ਸਫ਼ਾ 1 ਦੀਆਂ ਬਾਕੀ

ਰਾਸ਼ਟਰਪਤੀ ਨੇ 'ਆਪ' ਦੇ 27 ਵਿਧਾਇਕਾਂ ਨੂੰ ਅਯੋਗ ਠਹਿਰਾਉਣ ਦੀ ਅਪੀਲ ਖ਼ਾਰਜ ਕੀਤੀ

ਤਰ੍ਹਾਂ ਇਹ ਲਾਭ ਦੇ ਅਹੁਦੇ ਹਨ।

ਅਪੀਲ 'ਚ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਮਈ, 2015 'ਚ ਦਿੱਲੀ ਦੇ ਸਿਹਤ ਮੰਤਰੀ ਨੇ ਸਾਰੇ ਸਰਕਾਰੀ ਹਸਪਤਾਲਾਂ ਨੂੰ ਕਮੇਟੀ ਦੇ ਮੁਖੀ ਨੂੰ ਦਫ਼ਤਰ ਮੁਹਈਆ ਕਰਵਾਉਣ ਦਾ ਹੁਕਮ ਦਿਤਾ ਸੀ ਇਹ ਵੀ ਲਾਭ ਦੇ ਅਹੁਦੇ ਕਾਨੂੰਨ ਦੀ ਸ਼ਰਤ ਹੇਠ ਆਉਂਦਾ ਹੈ।

ਇਸ ਤਰ੍ਹਾਂ ਦੀਆਂ ਅਪੀਲਾਂ ਰਾਸ਼ਟਰਪਤੀ ਕੋਲ ਭੇਜੀਆਂ ਜਾਂਦੀਆਂ ਹਨ ਜੋ ਉਨ੍ਹਾਂ ਨੂੰ ਚੋਣ ਕਮਿਸ਼ਨ ਕੋਲ ਭੇਜ ਦਿੰਦੇ ਹਨ। ਇਸ ਤੋਂ ਬਾਅਦ ਕਮਿਸ਼ਨ ਅਪਣੀ ਸਲਾਹ ਦਿੰਦਾ ਹੈ ਜਿਸ ਦੇ ਆਧਾਰ 'ਤੇ ਰਾਸ਼ਟਰਪਤੀ ਹੁਕਮ ਜਾਰੀ ਕਰਦੇ ਹਨ। ਰਾਸ਼ਟਰਪਤੀ ਦੇ ਦਸਤਖ਼ਤ ਵਾਲੇ ਹੁਕਮ 'ਚ ਕਿਹਾ ਗਿਆ, "ਚੋਣ ਕਮਿਸ਼ਨ ਵਲੋਂ ਦਿਤੀ ਗਈ ਸਲਾਹ ਦੇ ਹਿਸਾਬ ਨਾਲ ਵਿਸ਼ੇ 'ਤੇ ਧਿਆਨ ਦੇਣ ਮਗਰੋਂ ਮੈਂ, ਰਾਮਨਾਥ ਕੋਵਿੰਦ, ਭਾਰਤ ਦਾ ਰਾਸ਼ਟਰਪਤੀ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਐਕਟ ਦੀ ਧਾਰਾ 15(4) ਹੇਠ ਮੈਨੂੰ ਦਿਤੇ ਗਏ ਅਧਿਕਾਰਾਂ ਦਾ ਪ੍ਰਯੋਗ ਕਰਦਿਆਂ ਇਹ ਹੁਕਮ ਦਿੰਦਾ ਹਾਂ ਕਿ ਅਲਕਾ ਲਾਂਬਾ ਅਤੇ ਦਿੱਲੀ ਵਿਧਾਨ ਸਭਾ ਦੇ 26 ਦੂਜੇ ਮੈਂਬਰਾਂ ਦੀ ਕਥਿਤ ਅਯੋਗਤਾ ਦੇ ਸਵਾਲ ਨੂੰ ਲੈ ਕੇ ਸ੍ਰੀ ਵਿਭੋਰ ਆਨੰਦ ਵਲੋਂ 21 ਜੁਲਾਈ, 2016 ਨੂੰ ਦਾਇਰ ਕੀਤੀ ਗਈ ਅਪੀਲ ਬਰਕਰਾਰ ਰੱਖੇ ਜਾਣ ਦੇ ਯੋਗ ਨਹੀਂ ਹੈ।"

(ਪੀਟੀਆਈ)

ਆਲੋਕ ਵਰਮਾ ਦੇ ਘਰ ਬਾਹਰੋਂ ਖ਼ੁਫ਼ੀਆ ਬਿਊਰੋ ਦੇ ਚਾਰ ਵਿਅਕਤੀ ਫੜੇ ਗਏ

ਹੋਰ ਗੱਲਾਂ 'ਚ, ਉਸ ਦੀਆਂ ਇਕਾਈਆਂ 'ਸੰਵੇਦਨਸ਼ੀਲ ਖੇਤਰਾਂ' 'ਚ 'ਨਿਯਮਤ ਰੂਪ 'ਚ' ਤੈਨਾਤ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਅਜਿਹਾ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਮਿਲ ਕੇ ਕੀਤਾ ਜਾਂਦਾ ਹੈ ਅਤੇ ਕਈ ਵਾਰੀ ਅਚਾਨਕ ਤਰੀਕੇ ਨਾਲ ਕੀਤਾ ਜਾਂਦਾ ਹੈ। ਉਨ੍ਹਾਂ ਅਪਣੀ ਗੱਲ ਸਪੱਸ਼ਟ ਕਰਦਿਆਂ ਕਿਹਾ ਕਿ ਇਸ 'ਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਉਥੇ ਪੈਦਾ ਹੋ ਰਹੀ ਸਥਿਤੀ ਉਤੇ ਤੁਰਤ ਜ਼ਰੂਰੀ ਕਾਰਵਾਈ ਕਰ ਸਕਦੀਆਂ ਹਨ। ਅਧਿਕਾਰੀ ਅਪਣੇ ਕਲ ਪਛਾਣ ਪੱਤਰ ਰਖਦੇ ਹਨ ਕਿਉਂਕਿ ਉਹ 'ਨਿਯਮਤ ਡਿਊਟੀ' 'ਤੇ ਹੁੰਦੇ ਹਨ।

ਭਾਵੇਂ ਪੁਲਿਸ ਸੂਤਰਾਂ ਨੇ ਕਿਹਾ ਕਿ ਇਨ੍ਹਾਂ ਚਾਰ ਜਣਿਆਂ ਤੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ ਪਰ ਪੁਲਿਸ ਕਮਿਸ਼ਨਰ (ਨਵੀਂ ਦਿੱਲੀ) ਮਧੁਰ ਵਰਮਾ ਨੇ ਇਸ ਗੱਲ ਤੋਂ ਇਨਕਾਰ ਕਰ ਦਿਤਾ ਕਿ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ 'ਚ ਲਿਆ ਅਤੇ ਉਨ੍ਹਾਂ ਕੋਲੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਮੰਗਲਵਾਰ ਦੀ ਦੇਰ ਰਾਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ 'ਚ ਕੈਬਨਿਟ ਦੀ ਨਿਯੁਕਤੀ ਕਮੇਟੀ ਵਲੋਂ ਜਾਰੀ ਹੁਕਮ ਤਹਿਤ, ਸੀ.ਬੀ.ਆਈ. ਡਾਇਰੈਕਟਰ ਆਲੋਕ ਵਰਮਾ ਅਤੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਨੂੰ ਛੁੱਟੀ 'ਤੇ ਭੇਜ ਦਿਤਾ ਗਿਆ ਅਤੇ ਐਮ. ਨਾਗੇਸ਼ਵਰ ਰਾਉ ਨੂੰ ਜਾਂਚ ਏਜੰਸੀ ਦਾ ਤੁਰਤ ਪ੍ਰਭਾਵ ਨਾਲ ਇੰਚਾਰਜ ਡਾਇਰੈਕਟਰ ਨਿਯੁਕਤ ਕਰ ਦਿਤਾ ਗਿਆ। ਇਸ ਤੋਂ ਇਲਾਵਾ ਸਰਕਾਰ ਨੇ ਸੀ.ਬੀ.ਆਈ. ਦੇ ਕਈ ਅਧਿਕਾਰੀਆਂ ਦਾ ਵੀ ਤਬਾਦਲਾ ਕਰ ਦਿਤਾ। ਏਜੰਸੀ 'ਚ ਵਰਮਾ ਅਤੇ ਅਸਥਾਨਾ ਵਿਚਕਾਰ ਟਕਰਾਅ ਚਲ ਰਿਹਾ ਸੀ। ਖ਼ੁਦ ਨੂੰ ਛੁੱਟੀ 'ਤੇ ਭੇਜੇ ਜਾਣ ਦੇ ਸਰਕਾਰ ਦੇ ਫ਼ੈਸਲੇ ਨੂੰ ਚੁਨੌਤੀ ਦੇਣ ਲਈ ਵਰਮਾ ਨੇ ਬੁਧਵਾਰ ਨੂੰ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ, ਜਿਸ ਦੀ ਸੁਣਵਾਈ ਸ਼ੁਕਰਵਾਰ ਨੂੰ ਹੋਵੇਗੀ।

(ਪੀਟੀਆਈ)

ਜ਼ਮੀਨ ਪਟੇ 'ਤੇ ਦਿਵਾਉਣ ਦੇ ਨਾਮ 'ਤੇ 45 ਲੱਖ ਦੀ ਠੱਗੀ

ਬਰਨਾਲਾ, 25 ਅਕਤੂਬਰ (ਅਰਿਹੰਤ ਗਰਗ) : ਥਾਣਾ ਸਿਟੀ-2 ਦੀ ਪੁਲਿਸ ਪਾਰਟੀ ਵਲੋਂ ਸਰਕਾਰੀ ਜ਼ਮੀਨ ਨੂੰ 99 ਸਾਲੀ ਪਟੇ 'ਤੇ ਦਿਵਾਉਣ ਦੇ ਨਾਮ 'ਤੇ 45 ਲੱਖ ਦੀ ਠੱਗੀ ਮਾਰਨ ਦਾ ਜ਼ਿਲਾ ਮਾਨਸਾ ਦੇ ਇਕ ਵਿਅਕਤੀ ਵਿਰੁਧ ਦਰਜ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ-2 ਦੇ ਐਸ.ਐਚ.ਓ./ਇੰਸਪੈਕਟਰ ਮਨਜੀਤ ਸਿੰਘ ਨੇ ਦਸਿਆ ਕਿ ਉਨ੍ਹਾਂ ਕੋਲ ਪੀੜਤ ਅਵਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ ਨਿਵਾਸੀ ਸੰਗਤਪੁਰਾ ਲਹਿਰਾ ਨੇ ਸ਼ਿਕਾਇਤ ਦਰਜ ਕਰਵਾਈ ਕਿ ਨਰਿੰਦਰ ਸਿੰਘ ਨੇ ਉਨ੍ਹਾਂ ਨਾਲ ਪਰਵਾਰਕ ਸਬੰਧ ਬਣਾ ਕੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਸਦਾ ਸਿਆਸੀ ਤੌਰ 'ਤੇ ਮੌਜੂਦਾ ਸਰਕਾਰ ਵਿਚ ਚੰਗਾ ਅਸਰ ਰਸੂਖ਼ ਹੈ। ਜਿਸ ਕਰ ਕੇ ਉਹ ਉਨ੍ਹਾਂ ਨੂੰ ਭਾਖੜਾ ਨਹਿਰ ਦੇ ਨਜ਼ਦੀਕ ਸਸਤੇ ਰੇਟ 'ਤੇ ਸਰਕਾਰੀ ਜ਼ਮੀਨ 99 ਸਾਲ ਪਟੇ 'ਤੇ ਦਿਵਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਤੋਂ ਵੱਖ-ਵੱਖ ਕਿਸ਼ਤਾਂ 'ਚ 45 ਲੱਖ ਦੀ ਰਕਮ ਲੈ ਕੇ ਠੱਗੀ ਮਾਰੀ। ਜਿਸਦੀ ਗੰਭੀਰਤਾ ਨਾਲ ਜਾਂਚ ਕਰਨ ਤੇ ਦੋਸ਼ੀ ਨਰਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਨਿਵਾਸੀ ਸੰਘਾ ਜ਼ਿਲਾ ਮਾਨਸਾ ਵਿਰੁਧ ਠੱਗੀ ਦਾ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿਤੀ।

ਹਤਿਆ ਦੀ ਕੋਸ਼ਿਸ਼ ਦਾ ਮਾਮਲਾ

ਹਾਈ ਕੋਰਟ ਵਲੋਂ ਨਰਾਇਣ ਸਾਈਂ ਨੂੰ ਜ਼ਮਾਨਤ, ਪਰ ਰਹੇਗਾ ਜੇਲ 'ਚ ਹੀ

ਚੰਡੀਗੜ੍ਹ, 25 ਅਕਤੂਬਰ, (ਨੀਲ ਭਲਿੰਦਰ ਸਿੰਘ) : ਜਬਰ ਜਨਾਹ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਅਖੌਤੀ ਸੰਤ ਆਸਾਰਾਮ ਦੇ ਮੁੰਡੇ ਨਰਾਇਣ ਸਾਈਂ ਨੂੰ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ। ਹਾਲਾਂਕਿ ਨਰਾਇਣ ਸਾਈ ਹਾਲੇ ਜੇਲ ਵਿਚ ਹੀ ਰਹੇਗਾ ਕਿਉਂਕਿ ਉਸ ਉਤੇ ਗੁਜਰਾਤ ਵਿਚ ਕਈ ਹੋਰ ਮਾਮਲੇ ਚੱਲ ਰਹੇ ਹਨ। ਉਹ ਇਸ ਵੇਲੇ ਸੂਰਤ ਜੇਲ ਵਿਚ ਬੰਦ ਹੈ। ਨਰਾਇਣ ਸਾਈ ਦੀ ਜ਼ਮਾਨਤ ਦੀ ਅਰਜ਼ੀ ਉਤੇ ਹਰਿਆਣਾ ਸਰਕਾਰ ਨੇ ਕਿਹਾ ਸੀ ਕਿ ਨਰਾਇਣ ਸਾਈ ਵਿਰੁਧ ਦੋ ਗਵਾਹਾਂ ਦੀ ਹਤਿਆ ਦਾ ਇਲਜ਼ਾਮ ਹੈ ਤੇ ਸੱਤ ਗਵਾਹਾਂ ਉਤੇ ਹਮਲੇ ਹੋ ਚੁੱਕੇ ਹਨ। ਅਜਿਹੇ ਵਿਚ ਉਸ ਨੂੰ ਜ਼ਮਾਨਤ ਦੇਣ ਨਾਲ ਉਸਦੇ ਵਿਰੁਧ ਜਾਰੀ ਅਪਰਾਧਿਕ ਮਾਮਲਿਆਂ ਦੇ ਟਰਾਇਲ ਉਤੇ ਉਲਟਾ ਅਸਰ ਪੈ ਸਕਦਾ ਹੈ। ਇਸ ਨਾਲ ਗਵਾਹਾਂ ਲਈ ਖ਼ਤਰਾ ਵੱਧ ਜਾਵੇਗਾ।ਹਰਿਆਣਾ ਸਰਕਾਰ ਦੇ ਵਧੀਕ ਐਡਵੋਕੇਟ ਜਨਰਲ ਦੀ ਇਸ ਦਲੀਲ ਉਤੇ ਬਚਾਅ ਪੱਖ ਦੇ ਵਕੀਲ ਆਰਐਸ ਚੀਮਾ ਨੇ ਅਦਾਲਤ ਨੂੰ ਦੱਸਿਆ ਕਿ ਜਿਹਨਾਂ ਮਾਮਲਿਆਂ ਦੇ ਗਵਾਹਾਂ ਉਤੇ ਹਮਲੇ ਹੋਏ ਹਨ ਉਹਨਾ ਵਿਚੋਂ ਕਿਸੇ ਵੀ ਮਾਮਲੇ ਵਿੱਚ ਨਰਾਇਣ ਸਾਈ ਮੁਲਜ਼ਮ ਨਹੀਂ ਹੈ। ਨਰਾਇਣ ਸਾਈ ਹਰਿਆਣਾ ਵਿੱਚ ਦਰਜ ਚਾਰ ਮਾਮਲਿਆਂ ਵਿੱਚ ਮੁਲਜ਼ਮ ਹੈ ਅਤੇ ਇਹਨਾਂ ਦੇ ਕਿਸੇ ਗਵਾਹ ਉਤੇ ਹਮਲਾ ਨਹੀਂ ਹੋਇਆ ਹੈ। ਇਹ ਦਲੀਲ ਸੁਣਨ ਮਗਰੋਂ ਹਾਈ ਕੋਰਟ ਨੇ ਅੱਜ ਨਰਾਇਣ ਸਾਈ ਨੂੰ ਜ਼ਮਾਨਤ ਦੇ ਦਿੱਤੀ ਹੈ। ਦਸਣਯੋਗ ਹੈ ਕਿ ਨਰਾਇਣ ਸਾਈ ਦੇ ਖਿਲਾਫ ਪਾਨੀਪਤ ਵਿੱਚ ਸਦਰ ਪੁਲਿਸ ਸਟੇਸ਼ਨ ਵਿੱਚ 13 ਮਈ 2015 ਨੂੰ ਧਾਰਾ 307, 342, 34, 19-ਏ ਅਤੇ 120-ਬੀ ਦੇ ਤਹਿਤ ਹੱਤਿਆ ਅਤੇ ਹੋਰ ਗੁਨਾਹਾਂ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਗਿਆ ਸੀ।

ਅਕਾਲੀ ਦਲ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਨੇ ਵੀ ਅਹੁਦਾ ਛਡਿਆ- ਪਰ ਪ੍ਰਧਾਨ ਬਣਨਾ ਚਾਹੁੰਦੇ ਹਨ

ਭਾਜਪਾ ਦੀ ਪਸੰਦ ਮਨਜੀਤ ਸਿੰਘ ਜੀ.ਕੇ ਬਣਦੇ ਜਾ ਰਹੇ ਹਨ।

ਸ.ਜੀ.ਕੇ ਦੇ ਕੈਨੇਡਾ ਦੌਰੇ ਪਿਛੋਂ ਜਿਸ ਤਰ੍ਹਾਂ ਜੀ.ਕੇ ਨੇ ਰੈਫ਼ਰੈਂਡਮ 2020 ਦੀ ਅਖੌਤੀ ਤੌਰ 'ਤੇ ਵਿਰੋਧਤਾ ਕੀਤੀ ਤੇ ਜਿਸ ਤਰ੍ਹਾਂ ਜੀ.ਕੇ ਨੂੰ ਭਾਜਪਾ ਜੀ ਦੀ ਖ਼ੁਸ਼ੀ ਤੇ ਛੁਪੀ ਹਮਾਇਤ ਪ੍ਰਾਪਤ ਹੋਈ ਉਸ ਤੋਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਜੀ.ਕੇ ਨੂੰ ਅਪਣਾ ਉਮੀਦਵਾਰ ਵੀ ਬਣਾ ਸਕਦੀ ਹੈ, ਪਰ ਸਾਰਿਆਂ ਦੇ ਪੱਤੇ ਅਜੇ ਗੁਪਤ ਹੀ ਹਨ ਕਿਉਂਕਿ ਜੀ.ਕੇ ਪਿਛਲੀਆਂ ਲੋਕ ਸਭਾ ਚੋਣਾਂ ਲੜਨ ਦੇ ਇੱਛੁਕ ਸਨ।

ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ.ਸੁਖਬੀਰ ਸਿੰਘ ਬਾਦਲ ਸਾਹਮਣੇ ਸਿਰਸਾ ਤੇ ਜੀ.ਕੇ ਦੋਹਾਂ ਵਿਚ ਐਨੀ ਤਾਕਤ ਨਹੀਂ ਕਿ ਉਹ ਹਾਈਕਮਾਨ ਨੂੰ 'ਅੱਖਾਂ' ਵਿਖਾ ਸਕਣ ਜਾਂ ਅਪਣੇ ਪੱਧਰ 'ਤੇ ਕਿਸੇ ਪਾਰਟੀ ਵਿਰੋਧੀ ਕਾਰਵਾਈ ਨੂੰ ਨੇਪਰੇ ਚਾੜ੍ਹ ਸਕਣ ਨਾ ਹੀ ਦੋਵੇਂ ਅਹਿਮ ਅਹੁਦਿਆਂ ਨੂੰ ਤਿਆਗ ਸਕਦੇ ਹਨ।

ਇਸੇ ਅਮਲ ਦੇ ਚਲਦਿਆਂ ਸਿਰਸਾ ਨੇ 22 ਅਕਤੂਬਰ ਨੂੰ ਅਪਣੀਆਂ ਅਖੌਤੀ ਤਾਕਤਾਂ ਕਮੇਟੀ ਦੇ ਜੁਆਇੰਟ ਸਕੱਤਰ ਸ.ਅਮਰਜੀਤ ਸਿੰਘ ਪੱਪੂ ਨੂੰ ਅਖੌਤੀ ਤੌਰ 'ਤੇ ਤਬਦੀਲ ਕਰ ਦਿਤੀਆਂ ਹਨ। ਪੱਪੂ ਨੂੰ ਤਾਕਤਾਂ ਤਬਦੀਲ ਕਰਨ ਦੇ ਦਫ਼ਤਰੀ ਹੁਕਮ, ਦੀ ਜੋ ਅੰਗਰੇਜ਼ੀ ਚਿੱਠੀ, ਨੰਬਰ 13945/2-6, ਸਿਰਸਾ ਖੇਮੇ ਵਲੋਂ 'ਸਪੋਕਸਮੈਨ' ਨੂੰ ਹਾਸਲ ਹੋਈ ਹੈ, ਉਸ 'ਤੇ ਤਾਕਤਾਂ ਦੇਣ ਦੀ ਗੱਲ ਸਪਸ਼ਟ ਨਹੀਂ ਹੈ ਤੇ ਸਿਰਫ਼ ਗੋਲ ਮੋਲ ਸ਼ਬਦਾਵਲੀ ਵਿਚ ਸਿਰਸਾ ਦੇ ਦਸਤਖ਼ਤਾਂ ਹੇਠ ਲਿਖਿਆ ਹੈ, ਜੁਆਇੰਟ ਸਕੱਤਰ ਸ.ਅਮਰਜੀਤ ਸਿੰਘ ਫ਼ਤਿਹ ਨਗਰ ਨੂੰ ਕਮੇਟੀ ਦੇ ਸੁਚਾਰੂ ਪ੍ਰਬੰਧ ਵਾਸਤੇ ਅਗਲੇ ਹੁਕਮਾਂ ਤਕ ਕਾਗ਼ਜ਼ਾਂ ਦੇ ਦਸਤਖ਼ਤ ਕਰਨ ਵਾਸਤੇ ਅਧਿਕਾਰਤ ਕੀਤਾ ਜਾਂਦਾ ਹੈ।

ਦਿਲਚਸਪ ਗੱਲ ਇਹ ਵੀ ਹੈ ਕਿ ਇਸੇ ਚਿੱਠੀ ਦੇ ਆਧਾਰ 'ਤੇ ਮੀਡੀਆ ਦੇ ਇਕ ਹਿੱਸੇ ਨੇ ਸ.ਸਿਰਸਾ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਗੱਲ ਉਛਾਲ ਦਿਤੀ। ਜਦਕਿ 'ਅੱਜ ਸ਼ਾਮ ਨੂੰ ਜਦੋਂ 'ਸਪੋਕਸਮੈਨ' ਵਲੋਂ ਸ.ਮਨਜਿੰਦਰ ਸਿੰਘ ਸਿਰਸਾ ਨਾਲ ਫ਼ੋਨ 'ਤੇ ਗੱਲਬਾਤ ਕਰ ਕੇ, ਪੁਛਿਆ ਗਿਆ ਕਿ ਤੁਹਾਡੇ ਜਨਰਲ ਸਕੱਤਰ ਦੇ ਅਹੁਦੇ ਦੇ ਕੀ ਹਾਲਾਤ ਹਨ, ਤਾਂ ਸ. ਸਿਰਸਾ ਨੇ ਸਪਸ਼ਟ ਕਰਦਿਆਂ ਕਿਹਾ," ਮੈਂ ਜਨਰਲ ਸਕੱਤਰੀ ਤੋਂ ਅਸਤੀਫ਼ਾ ਨਹੀਂ ਦਿਤਾ, ਅਪਣੇ ਰੁਝੇਵਿਆਂ (ਵਿਧਾਇਕੀ ਦੇ) ਕਾਰਨ ਚਾਰਜ ਸ.ਅਮਰਜੀਤ ਸਿੰਘ ਪੱਪੂ ਨੂੰ ਸੌਂਪਿਆ ਹੈ।" ਇਹ ਵੀ ਖ਼ਾਸ ਹੈ ਕਿ ਅਮਰਜੀਤ ਸਿੰਘ ਪੱਪੂ ਸ.ਜੀ.ਕੇ ਦੇ ਪੁਰਾਣੇ ਵਫ਼ਾਦਾਰ ਹਨ ਤੇ ਜੀ.ਕੇ ਦੀ ਪੁਰਾਣੀ ਪਾਰਟੀ ਵੇਲੇ, ਜਦੋਂ ਬਾਦਲ ਦਲ ਨਾਲ ਜੀ.ਕੇ ਦਾ ਰਲੇਵਾਂ ਨਹੀਂ ਸੀ ਹੋਇਆ, ਉਦੋਂ ਦੇ ਜੀ.ਕੇ ਦੇ ਸਾਥੀ ਹਨ। ਸ.ਮਨਜੀਤ ਸਿੰਘ ਜੀ.ਕੇ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਫ਼ੋਨ ਨਹੀਂ ਚੁਕਿਆ।

ਯਾਦ ਰਹੇ ਕਿ ਅਕਤੂਬਰ ਮਹੀਨੇ ਦੇ ਸ਼ੁਰੂ ਵਿਚ ਦਿੱਲੀ ਕਮੇਟੀ ਵਲੋਂ ਸ.ਮਨਜੀਤ ਸਿੰਘ ਜੀ.ਕੇ ਦੇ ਅਸਤੀਫ਼ਾ ਦੇਣ ਦੀ ਗੱਲ ਕੁੱਝ ਪੱਤਰਕਾਰਾਂ ਵਿਚ ਅਖੌਤੀ ਤੌਰ 'ਤੇ ਪਲਾਂਟ ਕਰਵਾ ਦਿਤੀ ਗਈ, ਪਰ ਦੋ ਦਿਨ ਪਹਿਲਾਂ ਸ.ਜੀ.ਕੇ. ਨੇ ਮੁੜ ਅਪਣਾ ਅਹੁਦਾ ਸੰਭਾਲ ਲਿਆ।

ਹਾਲ ਦੀ ਘੜੀ ਭਾਵੇਂ ਦਿੱਲੀ ਕਮੇਟੀ ਦੇ ਕੁੱਝ ਪ੍ਰਭਾਵਸ਼ਾਲੀ ਬੰਦਿਆਂ ਵਲੋਂ ਅਪਣੀ ਸਹੂਲਤ ਲਈ ਅਖੌਤੀ ਤੌਰ 'ਤੇ ਮੀਡੀਆ ਵਿਚ ਵੱਖ-ਵੱਖ ਤਰ੍ਹਾਂ ਦੀਆਂ ਖ਼ਬਰਾਂ ਪਲਾਂਟ ਕਰਵਾਈਆਂ ਜਾ ਰਹੀਆਂ ਹਨ, ਪਰ ਅਸਲ ਵਿਚ 'ਅੰਦਰਲੀ ਤੇ ਰੋੜ ਵਾਲੀ ਗੱਲ' ਇਹ ਹੈ ਕਿ ਸਿਰਸਾ ਹਰ ਹਾਲ ਵਿਚ ਦਿੱਲੀ ਕਮੇਟੀ ਦੀ ਪ੍ਰਧਾਨਗੀ ਚਾਹੁੰਦੇ ਹਨ, ਤੇ ਇਹ ਤਦੋਂ ਹੀ ਹੋ ਸਕਦਾ ਹੈ ਜਦੋਂ ਮਨਜੀਤ ਸਿੰਘ ਜੀ.ਕੇ ਨੂੰ ਵਿਰੋਧੀਆਂ ਵਲੋਂ ਰੰਗ ਕੇ, ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘੇਰਿਆ ਜਾਵੇ, ਉਹ ਵੀ ਕਮੇਟੀ ਦੇ ਅੰਦਰੂਨੀ ਕਾਗ਼ਜ਼ਾਤਾਂ ਦੇ ਆਧਾਰ 'ਤੇ ਜੋ ਵਿਰੋਧੀ ਸੌਂਪਿਆ ਹੀ ਕਰ ਰਹੇ ਹਨ।

ਜਦੋਂ ਦਿੱਲੀ ਦੇ ਸਿੱਖਾਂ ਵਿਚ ਅਖੌਤੀ ਤੌਰ 'ਤੇ ਮਨਜੀਤ ਸਿੰਘ ਜੀ.ਕੇ ਦੀ ਸਾਖ ਡਿੱਗਦੀ ਚਲੀ ਜਾਵੇਗੀ ਤੇ ਅਖ਼ੀਰ ਸ.ਸੁਖਬੀਰ ਸਿੰਘ ਬਾਦਲ ਨੂੰ ਜੀ.ਕੇ ਤੋਂ ਤਾਕਤਵਰ ਬਦਲ ਸਿਰਸਾ ਬਾਰੇ ਸੋਚਣਾ ਹੀ ਪਵੇਗਾ। ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਦੋਹਾਂ ਵਿਚਕਾਰ ਕਲੇਸ਼ ਪੈਦਾ ਹੋਇਆ ਹੈ। ਇਸ ਤੋਂ ਪਹਿਲਾਂ ਵੀ ਪ੍ਰਧਾਨਗੀ ਨੂੰ ਲੈ ਕੇ ਦੋਹਾਂ ਵਿਚਕਾਰ ਮਾਰਚ 2017 ਵਿਚ ਤਕਰਾਰ ਹੋਇਆ ਸੀ, ਉਦੋਂ ਅਖ਼ੀਰ ਸੁਖਬੀਰ ਸਿੰਘ ਬਾਦਲ ਨੇ 29 ਮਾਰਚ 2017 ਦੇ ਨੇੜੇ ਦੋਹਾਂ ਦਾ ਝਗੜਾ ਨਬੇੜਿਆ ਸੀ। ਉਦੋਂ ਜੀ.ਕੇ ਨੇ ਸਿੱਧੇ ਪ੍ਰਧਾਨਗੀ ਦੀ ਸਹੁੰ ਨਹੀਂ ਸੀ ਚੁਕੀ, ਬਲਕਿ ਕੁੱਝ ਦਿਨਾਂ ਬਾਅਦ ਪ੍ਰਧਾਨ ਬਣੇ ਸਨ।

ਇਜ਼ਰਾਈਲ ਦੇ ਪੰਜਾਬੀਆਂ ਨੇ ਧਾਰਮਕ ਸਮਾਗਮ ਕਰਨ ਲਈ ਕੈਪਟਨ ਕੋਲੋਂ ਮਦਦ ਮੰਗੀ

ਪੰਜਾਬੀਆਂ ਨੇ ਪਹਿਲੇ ਵਿਸ਼ਵ ਯੁੱਧ ਵਿਚ ਭਾਰਤੀ ਫ਼ੌਜੀਆਂ ਖ਼ਾਸਕਰ ਸਿੱਖਾਂ ਦੇ ਯੋਗਦਾਨ ਬਾਰੇ ਗੱਲਬਾਤ ਕੀਤੀ ਜਿਨ੍ਹਾਂ ਵਿਚੋਂ ਬਹੁਤ ਸਾਰੇ ਫ਼ੌਜੀਆਂ ਨੇ ਦੁਸ਼ਮਣ ਦੇ ਹਮਲਿਆਂ ਤੋਂ ਇਜ਼ਰਾਈਲ ਦੀ ਰਾਖੀ ਕਰਦਿਆਂ ਅਪਣੀਆਂ ਜਾਨਾਂ ਕੁਰਬਾਨ ਕਰ ਦਿਤੀਆਂ ਸਨ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਅਪਣੀ ਰਾਸ਼ਟਰਮੰਡਲ ਯਾਦਗਾਰ ਦੀ ਫੇਰੀ ਨੂੰ ਵੀ ਚੇਤੇ ਕੀਤਾ ਜਿਥੇ ਉਨ੍ਹਾਂ ਨੇ ਸ਼ਹੀਦ ਭਾਰਤੀ ਫ਼ੌਜੀਆਂ ਨੂੰ ਸ਼ਰਧਾਂਜਲੀ ਦਿੱਤੀ। ਇਜ਼ਰਾਈਲ ਫੇਰੀ ਦੇ ਆਖ਼ਰੀ ਦਿਨ ਮੁੱਖ ਮੰਤਰੀ ਨੇ ਹੋਫ ਹਾਸ਼ਰੋਨ ਵਿਖੇ ਅਫ਼ਿਕਿਮ ਡੇਅਰੀ ਫ਼ਾਰਮ ਦਾ ਵੀ ਦੌਰਾ ਕੀਤਾ ਜਿਥੇ ਉਨ੍ਹਾਂ ਡੇਅਰੀ ਫ਼ਾਰਮਿੰਗ ਦੀ ਗੁਣਵੱਤਾ ਵਧਾਉਣ ਲਈ ਵਰਤੀਆਂ ਜਾ ਰਹੀਆਂ ਤਕਨੀਕਾਂ ਬਾਰੇ ਜਾਣਕਾਰੀ ਹਾਸਲ ਕੀਤੀ। ਦਸਿਆ ਗਿਆ ਕਿ ਇਕ ਗਾਂ ਰੋਜ਼ਾਨਾ 40 ਲਿਟਰ ਦੁੱਧ ਦਿੰਦੀ ਹੈ। ਦੁੱਧ ਦੀ ਫ਼ੈਟ ਫ਼ੀਸਦੀ ਵੀ ਜ਼ਿਆਦਾ ਹੈ ਜੋ ਪੰਜਾਬ ਵਿੱਚ 2.5 ਫ਼ੀ ਸਦੀ ਦੇ ਮੁਕਾਬਲੇ 4 ਫ਼ੀ ਸਦੀ ਹੈ।

ਪਿਸਤੌਲ ਦਿਖਾ ਕੇ ਕਾਰ ਖੋਹੀ

ਮੋਗਾ, 25 ਅਕਤੂਬਰ (ਅਮਜਦ ਖ਼ਾਨ) : ਪਿਸਤੌਲ ਦੀ ਨੋਕ 'ਤੇ ਕਰੇਟਾ ਗੱਡੀ ਖੋਹਣ ਦਾ ਮਾਮਲਾ ਸਾਹਮਣੇ ਆਇਆ ਹੈ। ਗੱਡੀ ਦੇ ਮਾਲਕ ਚੰਦਰ ਸ਼ੇਖਰ ਵਾਸੀ ਆਰਾ ਰੋਡ ਮੋਗਾ ਨੇ ਦਸਿਆ ਕਿ ਉਹ ਅਪਣੇ ਅੰਕਲ ਨਾਲ ਬੀਤੇ ਰਾਤ ਪੰਚਕੂਲੇ ਤੋਂ ਵਾਪਸ ਆ ਰਹੇ ਸਨ ਤਕਰੀਬਨ 11.15 ਕਰੀਬ ਜਦ ਉਹ ਲੁਧਿਆਣਾ ਰੋਡ ਪੈਲਸ ਸਕਾਈ ਰਿਗ ਨੇੜੇ ਪਹੁੰਚੇ ਤਾਂ ਮਗਰੋਂ ਆ ਰਹੇ ਬ੍ਰਿਜ਼ਾ ਗੱਡੀ ਉਸ ਵਿਚ ਵੱਜੀ ਜਦੋਂ ਉਹ ਦੇਖਣ ਲਈ ਉਤਰੇ ਤਾਂ ਪਿਛੇ ਵਾਲੀ ਗੱਡੀ ਵਿਚੋਂ ਦੋ ਵਿਅਕਤੀ ਉਤਰੇ ਤੇ ਉਨ੍ਹਾਂ ਦੋਵਾਂ ਨੇ ਅਪਣੇ ਅਪਣੇ ਪਿਸਤੋਲਾਂ ਨਾਲ ਉਨ੍ਹਾਂ ਦੇ ਪੈਰਾਂ 'ਤੇ 3/4 ਫ਼ਾਇਰ ਕੀਤੇ ਜਿਸ ਨਾਲ ਡਰ ਕੇ ਅਸੀਂ ਪਿਛੇ ਹੱਟ ਗਏ।

ਦੋਵੇਂ ਦੋਸ਼ੀ ਸਾਡੀ ਕਰੇਟਾ ਗੱਡੀ ਖੋਹ ਕੇ ਮੌਕੇ ਤੋਂ ਫ਼ਰਾਰ ਹੋ ਗਏ। ਥਾਣਾ ਮਹਿਣਾ ਦੇ ਸਹਾਇਕ ਥਾਣੇਦਾਰ ਨੇ ਦਸਿਆ ਕਿ ਮੁਦੈਲਾ ਦੇ ਬਿਆਨਾ ਤਹਿਤ ਮਾਮਲਾ ਦਰਜ ਕਰ ਅਗੇਰਲੀ ਕਾਰਵਾਈ ਸ਼ੁਰੂ ਕਰ ਦਿਤੀ ਹੈ।

ਧਮਕੀਆਂ 'ਤੇ ਕਮੇਟੀ ਨੇ ਕੀਤੀ ਸੁਰੱਖਿਆ ਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ

ਲੁਧਿਆਣਾ, 25 ਅਕਤੂਬਰ (ਰਵੀ ਭਾਟੀਆ) : ਰਾਹੋਂ ਰੋਡ 'ਤੇ ਥਾਣਾ ਮੇਹਰਬਾਨ ਦੇ ਅਧੀਨ ਪੈਂਦੇ ਪਿੰਡ ਮਾਂਗਟ ਵਿਚ ਬੀਤੀ 1 ਅਕਤੂਬਰ ਦੀ ਰਾਤ ਨੂੰ ਪਿੰਡ ਦੇ ਹੀ ਕੁੱਝ ਵਸਨੀਕਾਂ ਵਲੋਂ ਨਸ਼ੇ ਵਿਚ ਧੁੱਤ ਹੋ ਕੇ 14 ਸਾਲ ਪੁਰਾਣੇ ਸ਼ਿਵ ਮੰਦਰ ਦੀ ਕੀਤੀ ਗਈ ਬੇਅਦਬੀ ਤੇ ਤ੍ਰਿਵੇਣੀ ਕੱਟਣ ਦੀ ਘਟਨਾ ਤੋਂ ਬਾਅਦ ਪਰਚੇ 'ਚ ਨਾਮਜ਼ਦ ਦੋਸ਼ੀਆਂ ਦੇ ਪੁਲਿਸ ਗ੍ਰਿਫ਼ਤ ਤੋਂ ਬਾਹਰ ਰਹਿਣ ਤੇ ਉਨ੍ਹਾਂ ਦੇ ਪਰਵਾਰਾਂ ਤੇ ਹੋਰ ਨਜ਼ਦੀਕੀਆਂ ਵਲੋਂ ਕੇਸ ਨੂੰ ਵਾਪਸ ਲੈਣ 'ਤੇ ਮੰਦਰ ਦੀ ਥਾਂ ਨੂੰ ਛੱਡਣ ਦੀਆਂ ਦਿਤੀਆਂ ਜਾ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਮੰਦਰ ਦੀ ਪ੍ਰਬੰਧਕ ਕਮੇਟੀ ਵਲੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਹਿਯੋਗ ਸਦਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਡਾਇਰੈਕਟਰ ਜਨਰਲ ਆਫ਼ ਪੁਲਿਸ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ ਤੇ ਹੋਰ ਉੱਚ ਅਧਿਕਾਰੀਆਂ ਨੂੰ ਇਨਸਾਫ਼ ਦੀ ਗੁਹਾਰ ਲਗਾਈ ਹੈ।

ਸਫ਼ਾ 3 ਦੀਆਂ ਬਾਕੀ

ਫ਼ਸਲੀ ਕਰਜ਼ਿਆਂ ਵਾਸਤੇ ਹੱਦ ਕਰਜ਼ਾ ਲਿਮਟ ਪ੍ਰਤੀ ਏਕੜ 3000 ਰੁਪਏ ਵਧਾਈ : ਰੰਧਾਵਾ

ਇਸ ਵਿਚ ਖਾਦ, ਡੀਜ਼ਲ ਆਦਿ ਦੀ ਖ਼ਰੀਦ ਸ਼ਾਮਲ ਹੁੰਦੀ ਹੈ। ਇਸ ਰਾਹਤ ਦਾ ਸਾਢੇ ਸੱਤ ਲੱਖ ਕਿਸਾਨਾਂ ਨੂੰ ਫ਼ਾਇਦਾ ਹੋਵੇਗਾ। ਵਧੀ ਹੋਈ 3000 ਰੁਪਏ ਰਾਸ਼ੀ ਵਿਚੋਂ ਕਿਸਾਨ 2000 ਰੁਪਏ ਪਰਾਲੀ ਦੀ ਸਾਂਭ-ਸੰਭਾਲ ਲਈ ਵਰਤੇ ਜਾਂਦੀ ਮਸ਼ੀਨਰੀ ਅਤੇ 1000 ਰੁਪਏ ਡੀਜ਼ਲ ਲਈ ਵਰਤ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿਸਾਨਾਂ ਨੂੰ ਫ਼ਸਲੀ ਕਰਜ਼ਿਆਂ ਲਈ 9000 ਰੁਪਏ ਪ੍ਰਤੀ ਏਕੜ ਐਮ.ਸੀ.ਐਲ. ਸੀ ਜਿਸ ਵਿੱਚੋਂ 2500 ਰੁਪਏ ਡੀਜ਼ਲ ਲਈ ਵਰਤ ਸਕਦਾ ਸੀ ਅਤੇ ਹੁਣ ਕਿਸਾਨ 12000 ਰੁਪਏ ਪ੍ਰਤੀ ਏਕੜ ਐਮ.ਸੀ.ਐਲ. ਵਿਚੋਂ 3500 ਰੁਪਏ ਡੀਜ਼ਲ ਲਈ ਖ਼ਰਚ ਸਕਦਾ ਹੈ।

ਖਹਿਰਾ ਧੜੇ ਦੀ ਗੱਲ ਕਿਤੇ ਹੋਰ ਬਣ ਗਈ : ਮਾਨ

ਬਾਰੇ ਹੋਣ ਵਾਲੀ ਕੋਈ ਵੀ ਗੱਲ ਮੀਡੀਆ ਵਿਚ ਜਨਤਕ ਨਹੀਂ ਕੀਤੀ ਜਾਵੇਗੀ ਪਰ ਮੀਟਿੰਗ ਤੋਂ ਪਹਿਲਾਂ ਹੀ ਖਹਿਰਾ ਅਤੇ ਵਿਧਾਇਕ ਕੰਵਰ ਸੰਧੂ ਨੇ ਪ੍ਰੈਸ ਕਾਨਫ਼ਰੰਸ ਕਰ ਕੇ ਆਮ ਆਦਮੀ ਪਾਰਟੀ ਵਿਰੁਧ ਦੋਹਰੇ ਮਾਪਦੰਡ ਅਪਣਾਉਣ ਦੇ ਦੋਸ਼ ਲਾ ਕੇ ਸਮਝੌਤੇ ਨੂੰ ਤਾਰਪੀਡੋ ਕਰ ਦਿਤਾ। ਮਾਨ ਨੇ ਸਪਸ਼ਟ ਕੀਤਾ ਕਿ ਏਕਤਾ ਲਈ ਤਾਲਮੇਲ ਕਮੇਟੀ ਤੁਰਤ ਫ਼ੈਸਲਾ ਲੈਣ ਦੇ ਸਮਰੱਥ ਨਹੀਂ ਹੈ। ਉਨ੍ਹਾਂ ਕਿਹਾ ਕਿ ਤਾਲਮੇਲ ਕਮੇਟੀ ਦੀ ਮੀਟਿੰਗ ਵਿਚ ਖਹਿਰਾ ਧੜੇ ਦੀ ਮੰਗ ਮੁਤਾਬਕ ਆਮ ਆਦਮੀ ਪਾਰਟੀ ਦਾ ਪੰਜਾਬ ਵਿਚਲਾ ਢਾਂਚਾ ਭੰਗ ਕਰਨ ਨੂੰ ਵੀ ਸਮਝੌਤੇ ਦਾ ਹਿੱਸਾ ਬਣਾਇਆ ਗਿਆ ਸੀ। ਇਸ ਮੌਕੇ ਗਾਇਕ ਹਰਜੀਤ ਹਰਮਨ, ਰਵੀਕਮਲ ਗੋਇਲ, ਗੁਰਿੰਦਰ ਸਿੰਘ ਬਿੱਟੂ ਬੀਰਕਲਾਂ, ਮਨੀ ਸਰਾਓ ਵੀ ਹਾਜ਼ਰ ਸਨ।

ਕੈਪਟਨ ਅਤੇ ਸੁਖਬੀਰ ਆਪਸ 'ਚ ਮਿਲੇ ਹੋਏ ਹਨ : ਖਹਿਰਾ

ਸੰਗਰੂਰ ਵਿਖੇ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਖਹਿਰਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਬਾਦਲ ਆਪਸ ਵਿਚ ਮਿਲੇ ਹੋਏ ਹਨ ਤੇ ਇਸੇ ਕਾਰਨ ਸੁਖਬੀਰ ਦਾ ਵਿਰੋਧ ਕਰਨ ਵਾਲੇ ਸਿੰਘਾਂ ਵਿਰੁਧ ਫਟਾਫਟ ਕੇਸ ਦਰਜ ਕਰ ਦਿਤਾ ਗਿਆ ਜਦਕਿ ਬਰਗਾੜੀ ਕਾਂਡ ਦੇ ਏਨੇ ਸਾਲ ਲੰਘਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਕੈਪਟਨ ਅਤੇ ਸੁਖਬੀਰ ਨੂੰ ਸਿਰਫ਼ ਅਪਣਾ ਫ਼ਿਕਰ ਹੈ। ਉਨ੍ਹਾਂ ਕਿਹਾ ਕਿ ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਉਨ੍ਹਾਂ ਦੀ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਨਾਲ ਗੱਲਬਾਤ ਹੋਈ ਹੈ। ਉਨ੍ਹਾਂ ਨਾਲ ਪਿਰਮਲ ਸਿੰਘ ਖ਼ਾਲਸਾ, ਜਸਵੰਤ ਸਿੰਘ, ਹਰਪ੍ਰੀਤ ਸਿੰਘ ਬਾਜਵਾ, ਜਸਵੰਤ ਸਿੰਘ ਗੱਜਣਮਾਜਰਾ, ਗੁਰਨੈਬ ਸਿੰਘ ਰਾਮਪੁਰਾ, ਮੋਹਣ ਸਿੰਘ ਰਾਣਾ ਕੁਲਵਿੰਦਰ ਸਿੰਘ ਸਤੋਜ ਵੀ ਮੌਜੂਦ ਸਨ।

ਡਵੀਜ਼ਨਲ ਕਮਿਸ਼ਨਰ ਵਲੋਂ ਰੇਲ ਹਾਦਸੇ ਵਾਲੀ ਥਾਂ ਦਾ ਦੌਰਾ

ਵਿਅਕਤੀਆਂ ਨੇ ਅਪਣੇ ਬਿਆਨ ਦਰਜ ਕਰਵਾਏ ਹਨ। ਇਸ ਤੋਂ ਪਹਿਲਾਂ ਸਵੇਰੇ ਪਰੁਸ਼ਾਰਥਾ ਨੇ ਹਾਦਸੇ ਵਾਲੀ ਥਾਂ ਤੋਂ ਲੈ ਕੇ ਰੇਲਵੇ ਦੇ ਗੇਟਮੈਨ ਦੇ ਕੈਬਿਨ ਤਕ ਦੌਰਾ ਕੀਤਾ। ਉਥੋਂ ਲੰਘ ਰਹੀਆਂ ਰੇਲ ਗੱਡੀਆਂ ਦੀ ਰਫ਼ਤਾਰ ਚੈਕ ਕੀਤੀ। ਫਿਰ ਨਗਰ ਸੁਧਾਰ ਟਰੱਸਟ ਦੇ ਦਫ਼ਤਰ ਵਿਖੇ ਚਸ਼ਮਦੀਦ ਗਵਾਹਾਂ ਦੀਆਂ ਗਵਾਹੀਆਂ ਰੀਕਾਰਡ ਕੀਤੀਆਂ। ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਤੋਂ ਇਲਾਵਾ ਹੋਰ ਅਧਿਕਾਰੀ ਵੀ ਸਨ।

ਇਕ ਕਿਲੋ ਅਫ਼ੀਮ ਸਮੇਤ 4 ਕਾਬੂ

ਮੋਗਾ, 25 ਅਕਤੂਬਰ (ਅਮਜਦ ਖ਼ਾਨ) : ਥਾਣਾ ਸਦਰ ਪੁਲਿਸ ਦੌਰਾਨ ਗਸ਼ਤ 1 ਕਿਲੋ ਅਫ਼ੀਮ ਸਮੇਤ 4 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਥਾਣਾ ਸਦਰ ਦੇ ਇੰਸਪੈਕਟਰ ਜੇ.ਜੇ.ਅਟਵਾਲ ਨੇ ਦਸਿਆ ਕਿ ਪਿੰਡ ਦੌਦਾਹੂਰ ਕੋਲੋਂ ਪੁਲਿਸ ਨੇ ਕਾਰ (ਪੀ ਬੀ 31ਐਮ9700) ਦੀ ਤਲਾਸ਼ੀ ਲਈ ਤਾਂ ਜਗਦੀਸ਼ ਸਿੰਘ ਕਾਕਾ ਵਾਸੀ ਸੀਂਗੋ ਤਲਵੰਡੀ ਸਾਬੋ, ਅੰਗਰੇਜ਼ ਸਿੰਘ ਵਾਸੀ ਤਲਵੰਡੀ ਸਾਬੋ, ਨਾਮਦਾਰ ਸਿੰਘ ਵਾਸੀ ਪੰਜਗਰਾਈ ਕਲਾਂ ਤੇ ਕੁਲਵੰਤ ਸਿੰਘ ਵਾਸੀ ਗੋਲੇਵਾਲਾ ਨੂੰ ਅਫ਼ੀਮ ਸਮੇਤ ਕਾਬੂ ਕੀਤਾ।

ਪੰਜਾਬੀ ਗਾਇਕ ਵਿਰੁਧ ਬਲਾਤਕਾਰ ਦਾ ਮਾਮਲਾ ਦਰਜ

ਬਠਿੰਡਾ, 25 ਅਕਤੂਬਰ (ਦੀਪਕ ਸ਼ਰਮਾ) : ਥਾਣਾ ਸਿਵਲ ਲਾਈਨ ਪੁਲਿਸ ਨੇ ਪੰਜਾਬੀ ਗਾਇਕ ਸੁਰਿੰਦਰ ਉਰਫ਼ ਛਿੰਦਾ ਸ਼ੌਕੀ 'ਤੇ ਨਾਬਾਲਗ ਲੜਕੀ ਨਾਲ ਬਲਾਤਕਾਰ ਕਰਨ ਦਾ ਮਾਮਲਾ ਦਰਜ ਕੀਤਾ ਹੈ। ਪੁਲਿਸ ਨੇ ਪੀੜਤ ਲੜਕੀ ਦੀ ਭੂਆ ਦੇ ਬਿਆਨਾਂ 'ਤੇ ਇਹ ਕਾਰਵਾਈ ਕੀਤੀ ਹੈ, ਉਥੇ ਹੀ ਬੁੱਧਵਾਰ ਦੇਰ ਸ਼ਾਮ ਨੂੰ ਨਾਬਾਲਗ ਲੜਕੀ ਦੀ ਮੈਡੀਕਲ ਜਾਂਚ ਵੀ ਕਰਵਾਈ ਗਈ। ਜਾਂਚ ਅਧਿਕਾਰੀ ਏਐਸਆਈ ਦਰਸ਼ਨ ਸਿੰਘ ਨੇ ਦਸਿਆ ਕਿ ਸ਼ਾਂਤ ਨਗਰ ਵਾਸੀ ਇਕ ਔਰਤ ਨੇ ਦਸਿਆ ਕਿ ਉਸਦੇ ਭਰਾ ਦੀ ਬੇਟੀ ਉਸਦੇ ਘਰ ਰਹਿੰਦੀ ਹੈ ਤੇ ਉਹ ਖ਼ੁਦ ਵੀ ਇਕ ਗਾਇਕਾ ਹੈ।

ਟੈਂਡਰ ਨੋਟਿਸ

ਨਿਮਨ ਹਸਤਾਖਰ ਵਲੋਂ ਗਵਰਨਰ ਆਫ ਪੰਜਾਬ ਦੇ ਵਿਹਾਫ਼ 'ਤੇ ਸੀ.ਐਸ.ਆਰ 2010 ਦੇ ਅਧਾਰਤ ਥਰੂ ਰੇਟ ਬੇਸਿਸ ਤੇ ਪੰਚਾਇਤੀ ਰਾਜ ਸਰਕਲ ਦੇ ਪ੍ਰਵਾਨਤ ਠੇਕੇਦਾਰਾਂ/ਪ੍ਰਵਾਨਤ ਸਹਿਕਾਰੀ ਕਿਰਤ ਸਭਾਵਾਂ ਜਿਨ੍ਹਾਂ ਪਾਸ ਸਮਰਥ ਅਧਿਕਾਰੀ ਪਾਸੋਂ ਜਾਰੀ ਕੀਤਾ ਸਮਰਥ ਸਰਟੀਫਿਕੇਟ ਹੋਵੇ ਤਾਂ ਹੇਠ ਲਿਖੇ ਕੰਮ ਲਈ ਮੋਹਰਬੰਦ ਟੈਂਡਰ ਨਿਰਧਾਰਤ ਪ੍ਰੋਫਾਰਮੇ ਤੇ ਮਿਤੀ 2-11-2018 ਨੂੰ ਮੰਗੇ ਜਾਂਦੇ ਹਨ। ਇਹ ਟੈਂਡਰ ਫਾਰਮ ਨਿਮਨਹਸਤਾਖਰ ਦੇ ਦਫਤਰ ਵਿਚੋਂ ਕਿਸੇ ਵੀ ਕੰਮ ਵਾਲੇ ਦਿਨ ਮਿਤੀ 2-11-2018 ਨੂੰ 1.00 ਵਜੇ ਤੱਕ 2000 ਰੁਪਏ (ਅਮੋੜਵੇਂ) ਪ੍ਰਤੀ ਟੈਂਡਰ ਫਾਰਮ ਦੇ ਹਿਸਾਬ ਨਾਲ ਪ੍ਰਾਪਤ ਕੀਤੇ ਜਾ ਸਕਦੇ ਹਨ ਅਤੇ ਉਸੇ ਹੀ ਦਿਨ ਬਾਅਦ ਦੁਪਹਿਰ 3.00 ਵਜੇ ਸਬੰਧਤ ਠੇਕੇਦਾਰਾਂ/ਸਹਿਕਾਰੀ ਕਿਰਤ ਸਭਾਵਾਂ ਜਾਂ ਉਨ੍ਹਾਂ ਦੇ ਪ੍ਰਤੀਨਿਧੀ ਜੋ ਹਾਜ਼ਰ ਹੋਣਾ ਚਾਹੁਣ ਉਨ੍ਹਾਂ ਦੀ ਹਾਜ਼ਰੀ ਵਿਚ ਖੋਲ੍ਹੇ ਜਾਣਗੇ।

ਲੜੀ ਨੰ:	ਕੰਮ ਦਾ ਨਾਮ	ਅਨੁਮਾਨਤ ਰਕਮ (ਲੱਖਾਂ 'ਚ)	ਬਿਆਨਾ ਰਕਮ (ਰੁਪਏ)	ਸਮਾਂ (ਮਹੀਨੇ)
1	ਗਲੀਆਂ ਨਾਲੀਆਂ ਦੀ ਉਸਾਰੀ ਪਿੰਡ ਪਥਰਾਲਾ ਬਲਾਕ ਮਾਹਿਲਪੁਰ	7.76	15520/-	01

ਵਿਸਥਾਰਤ ਡੀ.ਐਨ.ਆਈ.ਟੀ. ਅਨੁਮਾਨ ਅਤੇ ਹੋਰ ਵੇਰਵੇ ਅਤੇ ਸ਼ਰਤਾਂ ਨਿਮਨਹਸਤਾਖਰ ਦੇ ਦਫਤਰ ਵਿਚ ਕਿਸੇ ਵੀ ਕੰਮ ਵਾਲੇ ਦਿਨ ਵੇਖ ਜਾ ਸਕਦੇ ਹਨ।

1. ਜੇਕਰ ਕੋਈ ਕੋਰੀਜੰਡਮ ਹੋਇਆ ਤਾਂ ਉਹ ਵੈਬਸਾਈਟ www.pbrdp.gov.in 'ਤੇ ਵੇਖਿਆ ਜਾ ਸਕਦਾ ਹੈ।

ਕਾਰਜਕਾਰੀ ਇੰਜੀਨੀਅਰ
ਪੰਚਾਇਤੀ ਰਾਜ ਲੋਕ ਨਿਰਮਾਣ, ਮੰਡਲ
ਹੁਸ਼ਿਆਰਪੁਰ

D-2781

ਫੋਰਟਿਸ ਮਲਾਰ ਹਸਪਤਾਲਜ਼ ਲਿਮਟਿਡ

ਕਾਰਪੋਰੇਟ ਆਈਡੈਂਟਿਟੀ ਨੰ. :
L85110PB1989PLC045948
ਰਜਿਸਟਰਡ ਦਫ਼ਤਰ : ਫੋਰਟਿਸ ਹਸਪਤਾਲ, ਸੈਕਟਰ 62, ਫੇਜ਼-8, ਮੋਹਾਲੀ-160062
ਟੈਲੀ : 0172-5096001, ਫੈਕਸ : 0172-5096002
ਵੈਬਸਾਈਟ www.fortismalar.com
ਈਮੇਲ : secretarial.malar@malarhospitals.in

ਨੋਟਿਸ

ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨ ਐਂਡ ਡਿਸਕਲੋਜ਼ਰ ਰੀਕੁਆਇਰਮੈਂਟ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਨਾਲ ਪੜ੍ਹੇ ਜਾਂਦੇ ਰੈਗੂਲੇਸ਼ਨ 47 ਅਧੀਨ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ 30 ਸਤੰਬਰ, 2018 ਨੂੰ ਖ਼ਤਮ ਤਿਮਾਹੀ ਲਈ ਅਣਪੜਤਾਲੇ ਵਿੱਤੀ ਨਤੀਜੇ ਮਨਜ਼ੂਰੀ ਅਤੇ ਵਿਚਾਰਨ ਲਈ 1 ਨਵੰਬਰ, 2018, ਦਿਨ ਵੀਰਵਾਰ ਨੂੰ ਹੋ ਰਹੀ ਹੈ। ਇਹ ਸਾਰਾ ਕੁਝ ਕੰਪਨੀ ਦੀ ਵੈਬਸਾਈਟ www.fortismalar.com ਅਤੇ ਬੀਐਸਈ ਲਿਮਟਿਡ - www.bseindia.com 'ਤੇ ਉਪਲਬਧ ਹੈ।

ਲਈ ਫੋਰਟਿਸ ਹੈਲਥਕੇਅਰ ਲਿਮਟਿਡ
ਸਹੀ/-
ਮਿਤੀ : 25.10.2018 ਸ਼ਰਧਾ ਪੌਡਵੇਲ
ਸਥਾਨ : ਗੁਰੂ ਗਰਾਮ ਕੰਪਨੀ ਸੈਕਟਰੀ

ਗੁੰਮਸ਼ੁਦਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਵਿਅਕਤੀ ਜਿਸ ਦਾ ਨਾਂ ਅਨਿਲ ਪੁੱਤਰ ਸ਼ਿਵ ਚਰਨ ਦਾਸ ਵਾਸੀ ਮਕਾਨ ਨੰ. 3363, ਮੌਲੀ ਕੰਪਲੈਕਸ, ਮੌਲੀ ਜਾਗਰਾਂ, ਚੰਡੀਗੜ੍ਹ ਉਮਰ ਲਗਭਗ 35 ਸਾਲ, ਕੱਦ 5 ਫੁੱਟ 7 ਇੰਚ, ਰੰਗ ਗੋਰਾ ਆਪਣੀ ਰਿਹਾਇਸ਼ ਤੋਂ ਗੁੰਮ ਹੈ। ਇਸ ਸਬੰਧੀ ਇਕ ਡੀ.ਡੀ.ਆਰ. ਨੰ. 21, ਮਿਤੀ 15.10.2018 ਨੂੰ ਪੁਲਿਸ ਥਾਣਾ ਮੌਲੀ ਜਾਗਰਾਂ, ਚੰਡੀਗੜ੍ਹ ਵਿਖੇ ਦਰਜ ਕੀਤੀ ਗਈ ਹੈ। ਇਸ ਗੁੰਮਸ਼ੁਦਾ ਵਿਅਕਤੀ ਦੀ ਫੋਟੋ ਉਪਰ ਦਿੱਤੀ ਗਈ ਹੈ।
ਇਸ ਗੁੰਮਸ਼ੁਦਾ ਵਿਅਕਤੀ ਸਬੰਧੀ ਜੇ ਕਿਸੇ ਨੂੰ ਕੋਈ ਜਾਣਕਾਰੀ ਮਿਲਦੀ ਹੈ ਤਾਂ ਕ੍ਰਿਪਾ ਕਰਕੇ ਪੁਲਿਸ ਥਾਣਾ ਮੌਲੀ ਜਾਗਰਾਂ, ਫੋਨ ਨੰ. 9779580951, 0172-2751033, 2738388 ਅਤੇ ਚੰਡੀਗੜ੍ਹ ਪੁਲਿਸ ਕੰਟਰੋਲ ਰੂਮ ਫੋਨ ਨੰ. 0172-2749194 ਜਾਂ 100 ਨੰਬਰ 'ਤੇ ਦਿਓ।

ਚੰਡੀਗੜ੍ਹ ਪੁਲਿਸ

ਫੋਨ/ਫੈਕਸ : 01632-230101 email: eomctwd@yahoo.co.in

ਦਫ਼ਤਰ ਨਗਰ ਕੌਂਸਲ, ਤਲਵੰਡੀ ਭਾਈ (ਫਿਰੋਜ਼ਪੁਰ)

ਪਬਲਿਕ ਨੋਟਿਸ

ਨਗਰ ਕੌਂਸਲ ਤਲਵੰਡੀ ਭਾਈ ਵਲੋਂ ਬਸ ਅੱਡਾ ਫੀਸ ਉਗਰਾਹੀ ਦਾ ਕੰਮ ਠੇਕੇ 'ਤੇ ਦੇਣ ਸਬੰਧੀ ਖੁੱਲ੍ਹੀ ਬੋਲੀ ਮਿਤੀ 5-11-2018 ਨੂੰ ਆਪਣੇ ਦਫ਼ਤਰ ਵਿਖੇ ਸਵੇਰੇ 12.00 ਵਜੇ ਰੱਖੀ ਗਈ ਹੈ। ਜਿਸਦਾ ਬਿਆਨ ਰਕਮ 65,000 ਰੁਪਏ ਹੈ। ਇਸ ਠੇਕੇ ਦੀ ਮਿਆਦ ਇਕ ਸਾਲ ਹੈ। ਚਾਹਵਾਨ ਵਿਅਕਤੀ ਬੋਲੀ ਦੀ ਬਿਆਨਾ ਰਕਮ ਜਮ੍ਹਾਂ ਕਰਵਾ ਕੇ ਬੋਲੀ ਵਿਚ ਹਿੱਸਾ ਲੈ ਸਕਦਾ ਹੈ। ਬਾਕੀ ਦੀਆਂ ਸ਼ਰਤਾਂ ਅਤੇ ਹੋਰ ਵੇਰਵੇ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਦਫ਼ਤਰ ਨਗਰ ਕੌਂਸਲ, ਤਲਵੰਡੀ ਭਾਈ ਵਿਚੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਬੋਲੀ ਕਿਸੇ ਕਾਰਨ ਰੱਦ/ਪ੍ਰਵਾਨ ਕਰਨ ਦੇ ਅਧਿਕਾਰ ਪ੍ਰਧਾਨ/ਕਾਰਜ ਸਾਧਕ ਅਫ਼ਸਰ/ਨਗਰ ਕੌਂਸਲ, ਤਲਵੰਡੀ ਭਾਈ ਪਾਸ ਰਾਖਵੇਂ ਹੋਣਗੇ। ਜੇਕਰ ਮਿਤੀ 5-11-2018 ਨੂੰ ਕੋਈ ਛੁੱਟੀ ਘੋਸ਼ਿਤ ਹੋ ਜਾਂਦੀ ਹੈ ਤਾਂ ਬੋਲੀ ਅਗਲੇ ਕੰਮ ਵਾਲੇ ਦਿਨ ਇਸੇ ਸਮੇਂ ਤੇ ਸਥਾਨ 'ਤੇ ਹੋਵੇਗੀ।

ਪ੍ਰਧਾਨ ਕਾਰਜ ਸਾਧਕ ਅਫ਼ਸਰ
ਨਗਰ ਕੌਂਸਲ, ਤਲਵੰਡੀ ਭਾਈ C-3033 ਨਗਰ ਕੌਂਸਲ ਤਲਵੰਡੀ ਭਾਈ

ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਮੰਡਲ, ਗੁਰਦਾਸਪੁਰ

ਰੀ-ਟੈਂਡਰਜ਼ ਮੰਗਣ ਦਾ ਨੋਟਿਸ
http://eproc.punjab.gov.in

ਈ ਟੈਂਡਰ ਨੋਟਿਸ ਨੰ: 3 ਸਾਲ : 2018-19
ਟੈਂਡਰ ਦਾ ਵੇਰਵਾ :
ਹੇਠ ਲਿਖੀਆਂ ਮਿਤੀਆਂ ਅਨੁਸਾਰ :

1. ਆਨਲਾਈਨ ਟੈਂਡਰ ਦੀ ਉਪਲਬਧਤਾ ਦਾ ਅਰਸਾ ਹੋਵੇਗਾ : 25-10-2018 ਨੂੰ 1.00 ਵਜੇ ਤੋਂ 7-11-2018 ਨੂੰ 3 ਵਜੇ ਤੱਕ
2. ਬੋਲੀਆਂ ਆਨਲਾਈਨ ਪੇਸ਼ ਕਰਨ ਲਈ ਅੰਤਿਮ ਮਿਤੀ ਅਤੇ ਸਮਾਂ ਹੋਵੇਗਾ : 7-11-2018 ਨੂੰ 3.00 ਵਜੇ ਤੱਕ
3. ਤਕਨੀਕੀ ਬੋਲੀ ਖੋਲ੍ਹਣ ਅਤੇ ਮਿਤੀ ਸਮਾਂ ਹੋਵੇਗਾ : 8-11-2018 ਨੂੰ 2.00 ਵਜੇ ਤੱਕ
4. ਵਿੱਤੀ ਬੋਲੀ ਖੋਲ੍ਹਣ ਅਤੇ ਸਮਾਂ ਹੋਵੇਗਾ: 9-11-2018 ਨੂੰ 2.00 ਵਜੇ ਤੱਕ

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਮੰਡਲ ਗੁਰਦਾਸਪੁਰ ਅਧੀਨ ਆਉਂਦੇ ਸ਼ਹਿਰਾਂ ਦੇ ਵਾਟਰ ਸਪਲਾਈ ਅਤੇ ਸੀਵਰੇਜ ਸਕੀਮਾਂ ਦੇ ਦੇਖਭਾਲ ਦੇ ਟੈਂਡਰ ਨੋਟਿਸ ਨੰ: 3 ਵਿਚ ਲਗਾਏ ਗਏ ਹਨ। ਇਸ ਲਈ ਟੈਂਡਰ ਨੋਟਿਸ ਨੰਬਰ 3 ਵਿਚ ਲਗਾਏ ਗਏ ਟੈਂਡਰਾਂ ਦੀ ਸਾਰੀ ਜਾਣਕਾਰੀ ਸਾਈਟ https://eproc.punjab.gov.in ਤੋਂ ਪ੍ਰਾਪਤ ਕਰ ਲਈ ਜਾਵੇ।
ਇਥੇ ਆਪ ਜੀ ਨੂੰ ਇਹ ਦੱਸਿਆ ਜਾਂਦਾ ਹੈ ਕਿ ਰੀ-ਟੈਂਡਰ ਨੋਟਿਸ ਨੰਬਰ 3 ਵਿਚ ਸੀਰੀਅਲ ਨੰਬਰ 1 ਤੋਂ 7 ਤੱਕ ਲੰਮ ਸੰਮ ਰੇਟ ਪਾਏ ਜਾਣਗੇ।

ਨੋਟ : 1) ਇਸ ਕੰਮ ਵਿਚ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 76/52/79 ਸੀ 1(5)/4342 ਮਿਤੀ 2-10-2014 ਦੇ ਅਨੁਸਾਰ 40.00 ਲੱਖ ਤੱਕ ਦੇ ਟੈਂਡਰਾਂ ਵਿਚ ਸੁਸਾਇਟੀਆਂ ਨੂੰ ਪਹਿਲ ਦਿੱਤੀ ਜਾਵੇਗੀ।
2) ਕੋਰੀਜੰਡਮ ਸਬੰਧੀ ਜਾਣਕਾਰੀ ਉਕਤ ਵੈਬਸਾਈਟ 'ਤੇ ਹੀ ਉਪਲਬਧ ਹੋਵੇਗੀ।

ਸਰਵਿੰਦਰ ਸਿੰਘ
ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ, ਗੁਰਦਾਸਪੁਰ

D-2783

ਪੰਜਾਬ ਸਰਕਾਰ

ਟੈਂਡਰ ਰੈਫਰੈਂਸ ਨੰ. ਬੋਲੀ ਨੰ. 16, ਈ ਟੈਂਡਰ/ਪੀਐਚਐਸਸੀ/ਈਈ (ਡਬਲਿਊ) 2018-19
ਵਿਭਾਗ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਮੋਹਾਲੀ 5 ਟਿਊਬਵੈਲ ਵਰਕਸ/ਉਸਾਰੀ ਲਈ ਆਨਲਾਈਨ ਬੋਲੀਆਂ ਦੀ ਮੰਗ ਕਰਦਾ ਹੈ।
ਬੰਦ ਹੋਣ ਦੀ ਮਿਤੀ 12.11.2018 ਨੂੰ 17.00 ਵਜੇ ਤੱਕ
ਹੋਰ ਵੇਰਵਿਆਂ ਲਈ ਲਾਗਆਨ ਕਰੋ : www.eproc.punjab.gov.in
ਨੋਟ : ਟੈਂਡਰ ਨੋਟਿਸ ਸਬੰਧੀ ਸੋਧ, ਜੇ ਕੋਈ ਹੋਵੇਗੀ ਉਪਰੋਕਤ ਦਰਸਾਈ ਵੈਬਸਾਈਟ 'ਤੇ ਪ੍ਰਕਾਸ਼ਤ ਕੀਤੀ ਜਾਵੇਗੀ।

ਕਾਰਜਕਾਰੀ ਇੰਜੀਨੀਅਰ (ਡਬਲਿਊ),
C-3034 ਲਈ ਮੈਨੇਜਿੰਗ ਡਾਇਰੈਕਟਰ

ਕਰਜ਼ਾ ਵਸੂਲੀ ਟ੍ਰਿਬਿਊਨਲ-III, ਚੰਡੀਗੜ੍ਹ
ਐਸ.ਸੀ.ਓ. 33-34-35, ਰਾਜਪੂਤ ਟਾਵਰ, ਸੈਕਟਰ 17-ਏ, ਚੰਡੀਗੜ੍ਹ

ਪਬਲੀਕੇਸ਼ਨ
ਹਾਜ਼ਰ ਹੋਣ ਅਤੇ ਜਵਾਬ ਦਾਇਰ ਕਰਨ ਲਈ ਸੰਮਨ
(ਦੀ ਡੈਬਟਸ ਰਿਕਵਰੀ ਟ੍ਰਿਬਿਊਨਲ (ਪ੍ਰੋਸੀਜਰ) ਰੂਲਜ਼ ਸਮੇਂ ਤੋਂ ਸਮੇਂ ਸੋਧੇ ਅਨੁਸਾਰ ਦ ਰਿਕਵਰੀ ਆਫ਼ ਡੈਬਟਸ ਡਿਊ ਟੂ ਬੈਂਕਸ ਐਂਡ ਫਾਇਨਾਂਸ਼ੀਅਲ ਇੰਸਟੀਚਿਊਸ਼ਨ ਐਕਟ 1993 ਦੇ ਰੂਲਜ਼ 12 ਤੇ 13 ਸਮੇਤ ਪੜ੍ਹੇ ਜਾਂਦੇ ਸੈਕਸ਼ਨ 19 (4) ਅਧੀਨ ਸੰਮਨ)
ਡਾਇਰੀ ਨੰ.4498 ਓ.ਏ. ਨੰ. 5842 ਆਫ 2017 ਮਿਤੀ :23.10.2018

ਬੈਂਕ ਆਫ਼ ਮਹਾਰਾਸ਼ਟਰ ਬਨਾਮ ਰਾਜਬੀਰ ਕੌਰ ਅਤੇ ਹੋਰ

ਡਿਫੈਂਡੈਂਟ ਨੰ. 2 -ਅੰਗਰੇਜ਼ ਕੌਰ ਪਤਨੀ ਸ੍ਰੀ ਬਖਸ਼ੀਸ਼ ਸਿੰਘ ਵਾਸੀ ਮਕਾਨ ਨੰ. 220, ਪ੍ਰੇਮ ਨਗਰ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ,ਪੰਜਾਬ
ਮੇਰੇ ਵਲੋਂ ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਕੇਸ ਇਸ ਟ੍ਰਿਬਿਊਨਲ ਸਨਮੁਖ ਦ ਰਿਕਵਰੀ ਆਫ ਦਾ ਡੇਬਟਸ ਡਿਊ ਟੂ ਬੈਂਕਸ ਐਂਡ ਫਾਈਨੈਂਸ਼ੀਅਲ ਇੰਸਟੀਚਿਊਸ਼ਨਜ਼ ਐਕਟ 1993 (ਸਮੇਂ ਸਮੇਂ ਸੋਧੇ ਹੋਏ) ਦੇ ਸੈਕਸ਼ਨ 19 ਅਧੀਨ ਕਰਜ਼ਾ ਵਸੂਲੀ ਰੁ. 11,86,203/- ਲਈ ਦਾਇਰ ਹੋਇਆ ਹੈ। ਇਸ ਟ੍ਰਿਬਿਊਨਲ ਨੂੰ ਯਕੀਨ ਹੋ ਚੁੱਕਾ ਹੈ ਕਿ ਤੁਹਾਨੂੰ ਸਾਧਾਰਨ ਤਰੀਕੇ ਨਾਲ ਸੰਮਨ 'ਤੇ ਤਾਮੀਲ ਨਹੀਂ ਹੋ ਸਕਦੀ। ਇਸ ਲਈ ਇਸ ਨੋਟਿਸ ਦੀ ਪ੍ਰਕਾਸ਼ਨਾ ਰਾਹੀਂ ਤੁਹਾਨੂੰ ਇਸ ਟ੍ਰਿਬਿਊਨਲ ਸਨਮੁਖ 11.12.2018 ਨੂੰ ਸਵੇਰੇ 10.30 ਵਜੇ ਹਾਜ਼ਰ ਹੋਣ ਲਈ ਸੂਚਿਤ ਕੀਤਾ ਜਾਂਦਾ ਹੈ।
ਇਹ ਵੀ ਧਿਆਨ ਰੱਖਿਆ ਜਾਵੇ ਜੇ ਤੁਸੀਂ ਇਸ ਕੇਸ ਵਿਚ ਨੀਯਤ ਮਿਤੀ ਅਤੇ ਸਮੇਂ 'ਤੇ ਹਾਜ਼ਰ ਨਹੀਂ ਹੁੰਦੇ ਤਾਂ ਕੇਸ ਤੁਹਾਡੀ ਗੈਰਹਾਜ਼ਰੀ ਵਿਚ ਸੁਣਿਆ ਤੇ ਵਿਚਾਰਿਆ ਜਾਵੇਗਾ।
ਮੇਰੇ ਹਸਤਾਖਰ ਤੇ ਟ੍ਰਿਬਿਊਨਲ ਦੀ ਮੋਹਰ ਨਾਲ 16 ਅਕਤੂਬਰ, 2018 ਨੂੰ ਜਾਰੀ ਹੋਇਆ।

ਰਜਿਸਟਰਾਰ,
ਡੀਆਰਟੀ-III, ਚੰਡੀਗੜ੍ਹ

ਇੰਜੀਨੀਅਰਿੰਗ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

ਪ੍ਰੈਸ ਈ-ਟੈਂਡਰ ਨੋਟਿਸ

ਕਾਰਜਕਾਰੀ ਇੰਜੀਨੀਅਰ, ਇਲੈਕਟ੍ਰੀਕਲ ਡਵੀਜ਼ਨ ਨੰ. 2, ਭਾਰਤ ਦੇ ਰਾਸ਼ਟਰਪਤੀ ਲਈ ਅਤੇ ਵਲੋਂ ਇਹੋ ਜਿਹੇ ਕੰਮ ਕਰਦੀ ਏਜੰਸੀ ਤੋਂ ਰੇਟਸ ਦਰ ਆਧਾਰ ਦੀ ਟੈਂਡਰ ਮੰਗਦਾ ਹੈ। ਟੈਂਡਰ ਵੈਬਸਾਈਟ http://www.etenders.chd.nic.in ਰਾਹੀਂ ਆਨਲਾਈਨ ਪ੍ਰਾਪਤ ਕੀਤੇ ਜਾਣਗੇ।

ਲੜੀ ਨੰ.	ਐਨਆਈਟੀ ਨੰ.	ਕੰਮ ਦਾ ਨਾਂ ਅਤੇ ਸਥਾਨ	ਟੈਂਡਰ ਪਾਉਣ ਦੀ ਅੰਦਾਜ਼ਨ ਰਕਮ	ਬਿਆਨਾ ਰਕਮ	ਪੂਰਾ ਕਰਨ ਦੀ ਮਿਆਦ	ਆਨਲਾਈਨ ਟੈਂਡਰ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਤੇ ਸਮਾਂ	ਟੈਂਡਰ ਖੋਲ੍ਹਣ ਦੀ ਮਿਤੀ ਤੇ ਸਮਾਂ
1	ਈ2/18/215	ਐਨਆਰਕੀ, ਚੰਡੀਗੜ੍ਹ ਵਿਖੇ ਈ.ਆਈ. ਦੀ ਮੁਰੰਮਤ (ਨਿਊ ਜ਼ਿਲ੍ਹਾ ਕੋਰਟ ਕੰਪਲੈਕਸ, ਸੈਕਟਰ 43, ਚੰਡੀਗੜ੍ਹ ਵਿਚ ਸਥਾਪਤ ਫਾਇਰਫਾਈਟਿੰਗ ਦੀ ਥਣੀ (ਜਨਰਲ ਲਿਫਟ) 16 ਪੈਸੰਜਰ ਦੀ ਦੀ ਸਪੈਸ਼ਲ ਮੁਰੰਮਤ ਮੁਹੱਈਆ ਕਰਾਉਣੀ)	ਰੁ. 5,75,820/-	ਰੁ. 11200/-	10 ਦਿਨ	01.11.2018 ਨੂੰ ਬਾਅਦ ਦੁਪਹਿਰ 02.30 ਵਜੇ ਤੱਕ	01.11.2018 ਨੂੰ ਸ਼ਾਮ 3.00 ਵਜੇ

ਕਾਰਜਕਾਰੀ ਇੰਜੀਨੀਅਰ,
ਇਲੈਕਟ੍ਰੀਕਲ ਡਵੀਜ਼ਨ ਨੰ. 2.
ਚੰਡੀਗੜ੍ਹ

ਪੰਜਾਬ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ
ਈ ਟੈਂਡਰਜ਼ ਸੱਦਾ ਸੂਚਨਾ
eproc.punjab.gov.in
ਈ ਟੈਂਡਰ ਡਬਲਿਊ/ਐਸ/ਐਸ ਡਵੀਜ਼ਨ ਸ੍ਰੀ ਅਨੰਦਪੁਰ ਸਾਹਿਬ
ਨੰ. 10677 ਮਿਤੀ 25.10.18

ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਐਂਡ ਸੈਨੀਟੇਸ਼ਨ ਡਵੀਜ਼ਨ ਸ੍ਰੀ ਅਨੰਦਪੁਰ ਸਾਹਿਬ, ਵਾਟਰ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ, ਪੰਜਾਬ ਨਾਲ ਸੂਚੀਬੱਧ ਯੋਗ ਬੋਲੀਕਾਰਾਂ ਤੋਂ ਹੇਠ ਲਿਖੇ ਕੰਮ ਲਈ ਬੋਲੀਆਂ ਦੀ ਮੰਗ ਕਰਦਾ ਹੈ।

ਲੜੀ ਨੰ.	ਕੰਮ ਦਾ ਨਾਂ	ਅੰਦਾਜ਼ਨ ਲਾਗਤ	1 ਬਿਆਨਾ ਰਕਮ 2. ਪ੍ਰੋਸੈਸਿੰਗ ਫੀਸ 3. ਟੈਂਡਰ ਫੀਸ (ਰੁ. 'ਚ)	ਸਮਾਂ ਹੱਦ
1.	ਵਾਰਡ ਨੰ. 8, ਡੇਰਾ ਬਾਬਾ ਬਿਧੀ ਚੰਦ ਗਲੀ ਅਤੇ ਕੋਠੀ ਜਗਦੇਵ ਸਿੰਘ ਗਲੀ ਨੇੜੇ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ ਵਿਚ (ਵਾਟਰ ਸਪਲਾਈ ਐਂਡ ਸੀਵਰ ਪਾਈਪ ਲਾਈਨ) ਜਨਰਲ ਸਿਹਤ ਸੇਵਾਵਾਂ ਮੁਹੱਈਆ ਕਰਾਉਣਾ (ਜਮ੍ਹਾਂ ਕੰਮ)	7.73 ਲੱਖ	1. 15500/- 2. 881/- 3. 1000/-	3 ਮਹੀਨੇ

ਟੈਂਡਰਿੰਗ ਸ਼ਡਿਊਲ ਹੇਠ ਲਿਖੇ ਅਨੁਸਾਰ :

1. ਟੈਂਡਰ ਦਸਤਾਵੇਜ਼ ਦੀ ਵਿਕਰੀ	26.10.2018 ਤੋਂ 01.11.2018 ਨੂੰ 15.00 ਵਜੇ ਤੱਕ
2. ਬੋਲੀਆਂ ਪ੍ਰਾਪਤ ਕਰਨ ਦੀ ਆਖ਼ਰੀ ਮਿਤੀ ਤੇ ਸਮਾਂ	01.11.2018 ਨੂੰ 17.00 ਵਜੇ ਤੱਕ
3. ਟੈਕਨੀਕਲ ਬੋਲੀ ਖੋਲ੍ਹਣ ਦੀ ਮਿਤੀ ਤੇ ਸਮਾਂ	02.11.2018 ਨੂੰ ਸਵੇਰੇ 11.00 ਵਜੇ

1. ਸੋਧ ਜੇ ਕੋਈ ਹੋਵੇਗੀ ਸਿਰਫ਼ ਵੈਬਸਾਈਟ www.eproc.punjab.gov.in 'ਤੇ ਦਿੱਤੀ ਜਾਵੇਗੀ।

ਇੰਜੀ ਮਾਈਕਲ
ਕਾਰਜਕਾਰੀ ਇੰਜੀਨੀਅਰ,
ਵਾਟਰ ਸਪਲਾਈ ਐਂਡ ਸੈਨੀਟੇਸ਼ਨ ਡਵੀਜ਼ਨ, ਸ੍ਰੀ ਅਨੰਦਪੁਰ ਸਾਹਿਬ
ਲਈ ਅਤੇ ਵਲੋਂ ਰਾਜਪਾਲ ਪੰਜਾਬ

D-2786

ਮਿਊਂਸਪਲ ਕਾਰਪੋਰੇਸ਼ਨ ਚੰਡੀਗੜ੍ਹ

ਈ ਟੈਂਡਰ ਨੋਟਿਸ

ਕੰਮ ਦਾ ਨਾਂ	ਬੋਲੀ ਜਮ੍ਹਾਂ ਕਰਨ ਦਾ ਸ਼ਡਿਊਲ (ਆਨਲਾਈਨ)	ਟੈਕਨੀਕਲ ਬੋਲੀ ਖੁੱਲ੍ਹਣਾ (ਆਨਲਾਈਨ)
ਵਾਰਡ ਡਿਵੈਲਪਮੈਂਟ ਫੰਡ ਅਧੀਨ ਗਰੀਨ ਬੈਲਟ ਨੇੜੇ ਪੁਲਿਸ ਥਾਣਾ ਸੈਕਟਰ 26, ਈਸਟ ਚੰਡੀਗੜ੍ਹ ਦੇ ਵਿਕਾਸ ਲਈ ਲੈਂਡਸਕੇਪਿੰਗ ਦਾ ਕੰਮ, ਡੀਐਨਆਈਟੀ ਰਕਮ : ਰੁ. 5,11,156/-, ਬਿਆਨਾ ਰਕਮ : 10,223/-, ਸਮਾਂ ਹੱਦ : 2 ਮਹੀਨੇ	25.10.2018 ਤੋਂ 02.11.2018 ਨੂੰ ਸ਼ਾਮ 3.00 ਤੱਕ	02.11.2018 ਨੂੰ ਸ਼ਾਮ 3.00 ਤੱਕ

ਟੈਂਡਰ ਨੋਟਿਸ ਸਮੇਤ ਨਿਯਮ ਅਤੇ ਸ਼ਰਤਾਂ ਦੇ ਵੇਰਵੇ ਵੈਬਸਾਈਟ www.chandigarh.gov.in/etenders.chd.nic.in 'ਤੇ ਉਪਲਬਧ/ਅਪਲੋਡ ਹੈ।

ਕਾਰਜਕਾਰੀ ਇੰਜੀਨੀਅਰ,
ਬਾਗਬਾਨੀ ਡਵੀਜ਼ਨ, ਐਮ.ਸੀ., ਨਿਊ ਡੀਲਕਸ ਬਿਲਡਿੰਗ, ਕਮਰਾ ਨੰ. 401, ਸੈਕਟਰ 17, ਚੰਡੀਗੜ੍ਹ

ਇੰਡੀਅਨ ਓਵਰਸੀਜ਼ ਬੈਂਕ
ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ, ਐਸ.ਸੀ.ਓ. 26, ਦੂਜੀ ਮੰਜ਼ਿਲ, ਮਧਿਆ ਮਾਰਗ, ਸੈਕਟਰ 7 ਸੀ, ਚੰਡੀਗੜ੍ਹ-160019, ਫੋਨ : 0172-2790035, ਈਮੇਲ : iob2575@iob.in

ਅੰਪੈਂਡਿਕਸ -IV (ਰੂਲ (8-1)) ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

[illegible]

ਅਚੱਲ ਜਾਇਦਾਦ ਦੇ ਵੇਰਵੇ

[illegible]

ਮਿਤੀ : 24.10.2018 ਸਥਾਨ : [illegible] ਅਧਿਕਾਰਤ ਅਫ਼ਸਰ